# ਵਿਦਰੋਹ ਦੇ ਰਾਹ ’ਤੇ

(ਪਰਦਾ ਖੁਲ੍ਹਣ ’ਤੇ ਇਕ ਜੇਲ੍ਹ ਸੁਪਰੀਡੈਂਟ ਦਾ ਕਮਰਾ। ਜੇਲਰ ਦੀ ਵੱਡੀ ਸਾਰੀ ਮੇਜ਼ ਹੈ, ਜੇਲਰ ਮੇਜ਼ ’ਤੇ ਬੈਠਾ ਹੈ, ਨੌਜਵਾਨ ਕੈਦੀ ਹੱਥਾਂ ਵਿਚ ਹਥਕੜੀ ਤੇ ਪੈਰਾਂ ਵਿਚ ਬੇੜੀਆਂ ਪਾ ਕੇ ਖੜ੍ਹਾ ਹੈ।)

ਜੇਲਰ : ਤੈਨੂੰ ਪਤਾ ਏ, ਤੇਰੇ ਮਾਤਾ-ਪਿਤਾ ਤੈਨੂੰ ਮਿਲਣ ਆ ਰਹੇ ਨੇ।

ਨੌਜਵਾਨ : ਪਤਾ ਏ।

ਜੇਲਰ : ਤੈਨੂੰ ਕੋਈ ਉਤਸ਼ਾਹ ਨਹੀਂ ?

ਨੌਜਵਾਨ : ਕਹਿ ਨਹੀਂ ਸਕਦਾ।

ਜੇਲਰ : ਤੂੰ ਕੁਝ ਸੋਚ ਰਿਹਾ ਏਂ।

ਨੌਜਵਾਨ : ਆਦਮੀ ਜਿਨਾਂ ਚਿਰ ਜੀਉਂਦਾ ਹੈ, ਕੁਝ ਤਾਂ ਸੋਚਦਾ ਹੀ ਹੈ।

ਜੇਲਰ : ਸ਼ਾਇਦ ਤੂੰ ਸੋਚ ਰਿਹਾ ਏਂ ਕਿ ਤੁਹਾਡੇ ਵਿਚ ਕੌਣ ਗਦਾਰ ਨਿਕਲਿਆ, ਜਿਨ੍ਹੇ, ਇਹ ਭੇਦ ਦੱਸ ਦਿੱਤਾ ਤੇ ਤੈਨੂੰ ਇਥੇ ਆਉਣਾ ਪਿਆ।

ਨੌਜਵਾਨ : ਇਹ ਸੋਚ ਮੈਨੂੰ ਕਦੀ ਨਹੀਂ ਆਈ।

ਜੇਲਰ : ਅਜੀਬ ਗੱਲ ਏ ਇਕ ਆਦਮੀ ਮੌਤ ਦੇ ਮੂੰਹ ਵਿਚ ਖਲੋਤਾ ਏ ਤੇ ਇਹ ਨਹੀਂ ਸੋਚਦਾ ਕਿ ਉਸਦੀ ਜ਼ਿਮੇਵਾਰੀ ਕਿਸ ’ਤੇ ਹੈ।

ਨੌਜਵਾਨ : ਜੇਲਰ ਸਾਹਿਬ, ਜਿਸ ਵੇਲੇ ਅਸੀਂ ਇਸ ਕੰਮ ਦਾ ਬੀੜਾ ਚੁੱਕਿਆ ਸੀ ਤਾਂ ਉਸ ਵੇਲੇ ਵੀ ਸਾਨੂੰ ਪਤਾ ਸੀ ਕਿ ਇਕ ਨਾ ਇਕ ਦਿਨ ਸਾਨੂੰ ਇਸ ਥਾਂ ’ਤੇ ਆਉਣਾ ਹੀ ਪਏਗਾ।

ਜੇਲਰ : ਤੁਹਾਨੂੰ ਪਤਾ ਸੀ ?

ਨੌਜਵਾਨ : ਹਾਂ ਬਿਲਕੁਲ ਪਤਾ ਸੀ।

ਜੇਲਰ : ਤਾਂ ਫੇਰ ਤੁਸੀਂ ਆਪਣੀ ਜਾਨ ਗਵਾਉਣ ਦੀ ਕਿਉਂ ਠਾਣੀ ?

ਨੌਜਵਾਨ : ਕਿਉਂਕਿ ਇਸਦੇ ਸਿਵਾ ਚਾਰਾ ਕੋਈ ਨਹੀਂ ਸੀ।

ਜੇਲਰ : ਕੀ ਤੁਸੀਂ ਜ਼ਿੰਦਗੀ ਤੋਂ ਇਤਨੇ ਨਿਰਾਸ਼ ਹੋ ਗਏ ਸੀ ਕਿ ਇਸ ਨੂੰ ਗਵਾਉਣ ਤੋਂ ਸਿਵਾ ਤੁਹਾਡੇ ਕੋਲ ਕੋਈ ਚਾਰਾ ਨਹੀਂ ਸੀ ?

ਨੌਜਵਾਨ : ਜ਼ਿੰਦਗੀ ਤੋਂ ਨਿਰਾਸ਼ ? ਨਹੀਂ।

ਜੇਲਰ : ਫੇਰ ?

ਨੌਜਵਾਨ : ਜ਼ਿੰਦਗੀ ਤਾਂ ਸਾਡਾ ਇਸ਼ਟ ਹੈ ਤੇ ਇਸ ਇਸ਼ਟ ਦੀ ਖਾਤਿਰ ਹੀ ਇਥੇ

ਆਏ ਹਾਂ, ਜੋ ਕੁਝ ਅਸੀਂ ਕੀਤਾ ਹੈ, ਜ਼ਿੰਦਗੀ ਲਈ ਹੀ ਕੀਤਾ ਹੈ।

ਜੇਲਰ : ਖ਼ੂਬ, ਤੁਸੀਂ ਬੰਬ ਸੁੱਟੇ, ਕਤਲ ਕੀਤੇ, ਸਭ ਜ਼ਿੰਦਗੀ ਲਈ ਕੀਤਾ।

ਨੌਜਵਾਨ : ਹਾਂ ਜ਼ਿੰਦਗੀ ਲਈ।

ਜੇਲਰ : ਮੈਂ ਸਮਝਿਆ ਨਹੀਂ।

ਨੌਜਵਾਨ : ਤੁਹਾਡੀ ਸਮਝ ਲਈ ਮੈਂ ਇਤਨਾ ਹੀ ਕਹਿ ਸਕਦਾ ਹਾਂ ਕਿ ਜਦੋਂ ਕਿਸੇ ਅਬਲਾ ਨੂੰ ਕੁਝ ਗੁੰਡੇ ਘੇਰ ਕੇ ਉਹਦੇ ਨਾਲ, ਜ਼ਬਰਦਸਤੀ ਕਰਦੇ ਹਨ ਤਾਂ ਉਹ ਚੀਖਦੀ ਹੈ। ਉਹਦੀ ਚੀਖ ਸੁਣਕੇ ਕੋਈ ਸੂਰਮਾ ਆਪਣੀ ਜਾਨ ਹਥੇਲੀ 'ਤੇ ਰੱਖ ਕੇ ਉਹਦੇ ਬਚਾਅ ਲਈ ਜਾਂਦਾ ਹੈ। ਇਹ ਅਬਲਾ ਐਸ ਵੇਲੇ ਜ਼ਿੰਦਗੀ ਹੈ।

ਜੇਲਰ : ਤੇ ਸੂਰਮਾ, ਤੁਸੀਂ ਲੋਕ ?

ਨੌਜਵਾਨ : ਇਵੇਂ ਹੀ ਸਮਝ ਲਵੋ – ਜ਼ਿੰਦਗੀ ਤੇ ਸੂਰਮਗਤੀ ਦਾ ਇਹ ਬਹੁਤ ਪੁਰਾਣਾ ਰਿਸ਼ਤਾ ਹੈ। ਜਿਸ ਲਈ ਕਿਸੇ ਦੇਸ਼ ਸੁਕਰਾਤ ਜ਼ਹਿਰ ਦਾ ਪਿਆਲਾ ਪੀ ਜਾਂਦਾ ਹੈ, ਈਸਾ ਸਲੀਬ 'ਤ ਖਲੋ ਜਾਂਦਾ ਹੈ। ਅਰਜਨ ਤੱਤੀ ਲੋਹ 'ਤੇ ਬੈਠ ਜਾਂਦਾ ਹੈ ਤੇ ਭਗਤ ਸਿੰਘ ਵਰਗੇ ਫਾਂਸੀ ਦਾ ਰੱਸਾ ਚੁੰਮ ਜਾਂਦੇ ਹਨ... ਤੁਸੀਂ ਦੱਸੋ, ਪਿਤਾ ਜੀ ਮਾਤਾ ਜੀ ਨਾਲ ਮੁਲਾਕਾਤ ਦਾ ਠੀਕ ਵਕਤ ਕੀ ਮੁਕੱਰਰ ਹੋਇਆ ਹੈ ?

ਜੇਲਰ : (ਘੜੀ ਵੇਖ ਕੇ) ਬਸ ਉਹ ਹੁਣ ਆ ਹੀ ਰਹੇ ਹੋਣੇ ਨੇ।

ਨੌਜਵਾਨ : ਅੱਛਾ ?

ਜੇਲਰ : ਪਰ ਤੂੰ ਘਬਰਾ ਕਿਉਂ ਗਿਆਏਂ ?

ਨੌਜਵਾਨ : ਨਹੀਂ ਐਸੀ ਤਾਂ ਕੋਈ ਗੱਲ ਨਹੀਂ।

ਜੇਲਰ : ਗੱਲ ਤਾਂ ਜ਼ਰੂਰ ਏ।

ਨੌਜਵਾਨ : ਅਸਲ ਵਿਚ ਜੇਲਰ ਸਾਹਿਬ, ਮੈਂ ਉਹਨਾਂ ਨੂੰ ਮਿਲਣਾ ਨਹੀਂ ਚਾਹੁੰਦਾ, ਮੈਂ ਉਹਨਾਂ ਦਾ ਦੁੱਖ ਵਧਾਉਣਾ ਨਹੀਂ ਚਾਹੁੰਦਾ।

ਜੇਲਰ : ਇਹ ਗੱਲਾਂ ਤੁਸੀਂ ਨੌਜਵਾਨ ਪਹਿਲੇ ਨਹੀਂ ਸੋਚਦੇ।

ਨੌਜਵਾਨ : ਸੋਚੀਆਂ ਸਨ ਜੇਲਰ ਸਾਹਿਬ, ਪਰ ਕਈ ਵਾਰ ਫਰਜ਼ ਇਸ ਤੋਂ ਉੱਚਾ ਸੋਚਣ ਲਈ ਮਜਬੂਰ ਕਰਦਾ ਹੈ, ਹਾਂ ਤਾਂ ਇਹ ਮੁਲਾਕਾਤ ਕਿਥੇ ਹੋਵੇਗੀ ?

ਜੇਲਰ : ਇਥੇ ਹੀ ਇਸੇ ਕਮਰੇ ਵਿਚ, ਤੁਹਾਡੇ ਪਿਤਾ ਦੀ ਫੌਜ ਵਿਚ ਉਚੀ ਪਦਵੀ ਹੋਣ ਕਰਕੇ ਇਹ ਰਿਆਇਤ ਉਹਨਾਂ ਨੂੰ ਦਿੱਤੀ ਜਾ ਰਹੀ ਹੈ ਕਿ ਉਹ ਆਪਣੇ ਪੁੱਤਰ ਨੂੰ ਸੀਖਾਂ ਪਿਛੇ ਨਹੀਂ, ਸਗੋਂ ਸੀਖਾਂ ਦੇ ਬਾਹਰ ਮਿਲਣ ਤੇ ਉਸ ਵੇਲੇ ਇਹ ਹੱਥਕੜੀਆਂ ਤੇ ਬੇੜੀਆਂ ਵੀ ਨਹੀਂ ਹੋਣਗੀਆਂ।

ਨੌਜਵਾਨ : ਸ਼ੁਕਰੀਆ ਜੇਲਰ ਸਾਹਿਬ, ਸ਼ਾਇਦ ਇਹਦੇ ਨਾਲ ਉਹਨਾਂ ਦਾ ਦੁੱਖ ਘੱਟ ਜਾਏ।

*(ਹੌਲੇ ਹੌਲੇ ਫੇਡ ਆਊਟ ਹੁੰਦਾ ਹੈ। ਫਿਰ ਜਦੋਂ ਰੋਸ਼ਨੀ ਹੁੰਦੀ ਹੈ ਤਾਂ ਜੇਲ੍ਹ ਦੇ ਬਾਹਰ ਇਕ ਬੈਂਚ ਹੈ ਜਿਸਦੇ ਕੋਲ ਬੁੱਢਾ ਪਿਤਾ ਅਤੇ ਮਾਤਾ ਆਪਸ ਵਿਚ ਗੱਲਾਂ ਕਰ ਰਹੇ ਹਨ।)*

ਪਿਤਾ : ਦੇਖ ਲਾਲ ਦੀ ਮਾਂ, ਹੁਣ ਤੇਰੀਆਂ ਅੱਖਾਂ ਵਿਚ ਅੱਥਰੂ ਨਹੀਂ ਹੋਣੇ ਚਾਹੀਦੇ।

ਮਾਤਾ : ਹਾਂ।

ਪਿਤਾ : ਅਸੀਂ ਆਪਣੇ ਪੁੱਤਰ ਨੂੰ ਮਿਲਣ ਜਾ ਰਹੇ ਹਾਂ, ਜਿਸ ਦੇ ਕੋਲ ਜ਼ਿੰਦਗੀ ਦੇ ਬਸ ਕੁਝ ਹੀ ਘੰਟੇ ਬਾਕੀ ਹਨ।

ਮਾਤਾ : ਇਸ ਤਰ੍ਹਾਂ ਨਾ ਕਵੋ।

ਪਿਤਾ : ਮੇਰੇ ਕਹਿਣ ਜਾਂ ਨਾ ਕਹਿਣ ਨਾਲ ਸਚਾਈ ਨੂੰ ਬਦਲਿਆ ਥੋੜਾ ਜਾ ਸਕਦਾ ਹੈ?

ਮਾਤਾ : ਕੀ ਤੁਸੀਂ ਉਸ ਲਈ ਕੁਝ ਨਹੀਂ ਕਰ ਸਕਦੇ?

ਪਿਤਾ : ਕੁਝ ਨਹੀਂ, ਸਿਵਾਏ ਇਸਦੇ ਕਿ ਜਿਹੜੇ ਕੁਝ ਘੰਟੇ ਉਹਦੇ ਰਹਿ ਗਏ ਹਨ, ਉਹਨਾਂ ਨੂੰ ਸੋਹਣਾ ਬਣਾਵਾਂ, ਉਹਦੇ ਮਨ 'ਤੇ ਜੇਕਰ ਕੋਈ ਭਾਰ ਹੈ ਤਾਂ ਉਹਨੂੰ ਹਲਕਾ ਕਰਾਂ।

ਮਾਤਾ : ਭਾਰ?

ਪਿਤਾ : ਮੈਂ ਜਾਣਦਾ ਹਾਂ ਕਿ ਕਿਹੜੀ ਚੀਜ਼ ਉਸ ਨੂੰ ਸਭ ਤੋਂ ਵੱਧ ਦੁੱਖ ਪੁਚਾ ਰਹੀ ਹੋਣੀ ਏ, ਉਹ ਇਹੀ ਸੋਚ ਕਿ ਉਹਦੇ ਕਰਕੇ ਅਸੀਂ ਦੁੱਖੀ ਹਾਂ ਤੇ ਇਸੇ ਕਰਕੇ ਅਸੀਂ ਆਪਣਾ ਦੁੱਖ ਉਸ ਅੱਗੇ ਜ਼ਾਹਿਰ ਨਹੀਂ ਹੋਣ ਦੇਣਾ।

ਮਾਤਾ : ਜੇ ਇਹ ਸੋਚ ਹੁੰਦੀ ਤਾਂ ਉਹ ਸਭ ਕੁਝ ਕਰਦਾ ਕਿਉਂ? ਉਹ ਹਮੇਸ਼ਾਂ ਆਪ ਹੁਦਰਾ ਰਿਹਾ ਏ ਤੇ ਇਹ ਸਭ ਤੁਹਾਡਾ ਕਸੂਰ ਏ।

ਪਿਤਾ : ਮੇਰਾ?

ਮਾਤਾ : ਆਹੋ ਤੁਹਾਡਾ। ਤੁਸੀਂ ਹਮੇਸ਼ਾਂ ਉਸ ਨੂੰ ਸ਼ਹਿ ਦੇਂਦੇ ਰਹੇ ਹੋ ਕਿ ਉਹ ਆਪਣੀ ਮਰਜ਼ੀ ਕਰੇ।

ਪਿਤਾ : ਬੱਚੇ ਨੂੰ ਆਪਣੇ ਪੈਰਾਂ 'ਤੇ ਖਲੋਣ ਦੀ ਜਾਚ ਦੱਸਣੀ ਕੋਈ ਮਾੜੀ ਗੱਲ ਨਹੀਂ।

ਮਾਤਾ : ਪੈਰਾਂ ਤੇ ਖਲੋਣ ਦਾ ਇਹ ਮਤਲਬ ਨਹੀਂ ਕਿ ਉਹ ਜਣੇ ਖਣੇ ਤੇ ਬੰਬ ਸੁੱਟੇ।

ਪਿਤਾ : ਇਥੇ ਤੂੰ ਭੁਲਦੀ ਏਂ, ਉਹ ਜਣਾ ਖਣਾ ਨਹੀਂ ਸੀ ਬਹੁਤ ਵੱਡਾ

ਆਦਮੀ ਸੀ, ਹਕੂਮਤ ਦਾ ਕਰਤਾ ਧਰਤਾ ਤੇ ਹਕੂਮਤ ਦੇ ਕਰਤੇ ਧਰਤਿਆਂ ਤੇ ਬੰਬ ਸੁਟਣਾ, ਜਣੇ ਖਣੇ ਦਾ ਕੰਮ ਨਹੀਂ ਸੂਰਮਿਆਂ ਦਾ ਕੰਮ ਏ, ਜਿਨ੍ਹਾਂ ਨੇ ਮੌਤ ਨੂੰ ਤਲੀ 'ਤੇ ਰੱਖਿਆ ਹੋਵੇ।

ਮਾਤਾ : ਤੁਸੀਂ ਹਮੇਸ਼ਾਂ ਉਸ ਨੂੰ ਸੂਰਮਾ ਬਨਣ ਦੀ ਹੀ ਜਾਚ ਦੱਸਦੇ ਰਹੇ।

ਪਿਤਾ : ਕਿਉਂਕਿ ਉਹ ਇਹ ਫੌਜੀ ਅਫਸਰ ਦਾ ਪੁੱਤਰ ਸੀ, ਜਿਸਨੇ ਲੜਾਈਆਂ ਵਿਚ ਬਹਾਦਰੀ ਦੇ ਕਈ ਤਮਗੇ ਜਿੱਤੇ।

ਮਾਤਾ : ਪਰ ਉਸ ਤੋਂ ਵੱਧ ਉਹ ਇਕ ਮਾਂ ਦਾ ਪੁੱਤਰ ਸੀ।

ਪਿਤਾ : ਸੂਰਮੇ ਵੀ ਮਾਂਵਾਂ ਦੇ ਪੁੱਤਰ ਹੀ ਹੁੰਦੇ ਹਨ।

ਮਾਤਾ : ਤੁਹਾਡਾ ਰੋਅਬ ਹਮੇਸ਼ਾਂ ਮੇਰੇ 'ਤੇ ਚਲਿਆ, ਮੈਂ ਕਿਸੇ ਗੱਲੋਂ ਉਸ ਨੂੰ ਮਨ੍ਹਾਂ ਕਰਦੀ, ਤੁਸੀਂ ਮੈਨੂੰ ਰੋਕ ਦੇਂਦੇ, ਉਹ ਅੱਗ ਦੀਆਂ ਖੇਡਾਂ ਖੇਡਦਾ ਤੁਸੀਂ ਉਸਦੀ ਦਲੇਰੀ ਤੇ ਖੁਸ਼ ਹੁੰਦੇ।

ਪਿਤਾ : ਦਲੇਰ ਹੋਣਾ ਗੁਨਾਹ ਨਹੀਂ, ਮੇਰੀ ਤਾਂ ਦੇਸ਼ ਦੀ ਜਵਾਨੀ ਨਾਲ ਸ਼ਕਾਇਤ ਹੀ ਇਹੋ ਹੈ ਕਿ ਉਸ ਵਿਚ ਦਲੇਰੀ ਮੁੱਕ ਗਈ ਹੈ, ਸੋਚ ਕਹਿਣ ਦੀ ਦਲੇਰੀ, ਕੁਝ ਕਰ ਮਰਨ ਦੀ ਦਲੇਰੀ।

ਮਾਤਾ : ਪਰ ਹੁਣ ਤਾਂ ਸ਼ਕਾਇਤ ਨਹੀਂ, ਤੁਹਾਡਾ ਪੁੱਤਰ ਕੁਝ ਕਰ ਮਰਿਆ ਏ।

ਪਿਤਾ : ਪਰ ਤੂੰ ਇਹ ਗੱਲਾਂ ਮੇਰੇ ਨਾਲ ਕਿਉਂ ਕਰ ਰਹੀ ਏਂ ?

ਮਾਤਾ : ਹੋਰ ਕਿਹਨੂੰ ਕਹਾਂ, ਇਹ ਦੁੱਖ ਕਿਸ ਤਰ੍ਹਾਂ ਜਰਾਂ, ਮੈਂ ਇਕ ਮਾਂ ਹਾਂ।

ਪਿਤਾ : ਦੁੱਖ ਜਰਨ ਲਈ ਇਹ ਜ਼ਰੂਰੀ ਨਹੀਂ ਕਿ ਕਿਸੇ ਨਾ ਕਿਸੇ ਨੂੰ ਕੁਝ ਕਿਹਾ ਜਾਏ, ਸਾਨੂੰ ਸਭ ਨੂੰ ਦੁੱਖ ਜਰਨ ਦੀ ਵੀ ਜਾਚ ਆਉਣੀ ਚਾਹੀਦੀ ਹੈ, ਜੀਵਨ ਜਾਚ ਵਿਚੋਂ ਇਹ ਵੀ ਇਕ ਜ਼ਰੂਰੀ ਜਾਚ ਹੈ।

ਮਾਤਾ : ਤੁਸੀਂ ਕਿਨ੍ਹੇ, ਕਠੋਰ ਹੋ।

ਪਿਤਾ : ਕਠੋਰ ? ਹਾਂ ਕਠੋਰ, ਅੱਜ ਸਾਡਾ ਇਮਤਿਹਾਨ ਹੈ, ਅਸੀਂ ਆਪਦੇ ਪੁੱਤਰ ਨੂੰ ਬਿਨਾਂ ਅੱਖਾਂ ਵਿਚ ਅਥਰੂ ਲਿਆਇਆਂ ਮਿਲਣਾ ਹੈ।ਅਸੀਂ ਉਹਦੀਆਂ ਬਾਕੀ ਰਹਿ ਗਈਆਂ ਘੜੀਆਂ ਨੂੰ ਸੋਹਣਾ ਬਨਾਉਣਾ ਹੈ।

ਮਾਤਾ : ਪਰ ਕਿਸ ਤਰ੍ਹਾਂ ?

ਪਿਤਾ : ਉਹਨਾਂ ਸੋਹਣੀਆਂ ਯਾਦਾਂ ਦੀ ਯਾਦ ਨਾਲ, ਜਿਨ੍ਹਾਂ ਨੇ ਬਚਪਨ ਤੋਂ ਉਸ ਨੂੰ ਖੁਸ਼ੀਆਂ ਦਿੱਤੀਆਂ।

ਮਾਤਾ : ਮੌਤ ਦੇ ਕੰਡੇ 'ਤੇ ਖਲੋਤੇ ਨੂੰ ਕੋਈ ਯਾਦ ਕਿਸ ਤਰ੍ਹਾਂ ਖੁਸ਼ੀ ਦੇ ਸਕਦੀ ਏ?

ਪਿਤਾ : ਮੇਰੇ ਲਾਲ ਦੀ ਮਾਂ, ਮੈਂ ਇਹ ਮੌਤ ਦੀ ਖੇਡ ਬੜੀ ਵਾਰੀ ਖੇਡੀ ਏ, ਮੌਤ ਇਹਨੀ ਭਿਆਨਕ ਨਹੀਂ ਜਿੰਨੀ ਅਸੀਂ ਸੋਚਦੇ ਹਾਂ ਤੇ ਫਰਜ਼ ਨੂੰ ਨਿਭਾਉਂਦਿਆਂ ਤਾਂ ਕਈ ਵਾਰੀ ਇਹ ਸੁਹਣੀ ਸੁਹਣੀ ਵੀ ਲੱਗਣ ਲੱਗ ਪੈਂਦੀ ਏ।

ਮਾਤਾ : ਤੁਸੀਂ ਤਾਂ ਹਰ ਗੱਲ ਫੌਜੀ ਨਜ਼ਰ ਨਾਲ ਹੀ ਵੇਖਦੇ ਹੋ।

ਪਿਤਾ : ਇਸੇ ਨਜ਼ਰ ਦੀ ਕੁਝ ਘੰਟਿਆਂ ਲਈ ਤੇਰੇ ਤੋਂ ਮੰਗ ਕਰਨਾ ਹਾਂ, ਅੱਜ ਅਸੀਂ ਆਪਣੇ ਪੁੱਤਰ ਨਾਲ ਇੰਝ ਹੀ ਗੱਲਾ ਕਰਾਂਗੇ ਜਿਸ ਤਰ੍ਹਾਂ ਉਹ ਕਾਲਜ ਵੇਲੇ ਹੋਸਟਲ ਤੋਂ ਘਰ ਵਾਪਸ ਆਉਂਦਾ ਹੁੰਦਾ ਸੀ, ਘਰ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਉਸ ਨੂੰ ਦੱਸਾਗੇ ਤੇ ਕਾਲਜ ਦੀਆ ਉਹਦੇ ਕੋਲੋਂ ਸੁਣਾਂਗੇ।

ਮਾਤਾ : ਤੁਹਾਡੇ ਸਾਹਮਣੇ ਤਾਂ ਉਹ ਸ਼ਰਮਾ ਜਾਂਦਾ ਸੀ ਪਰ ਮੈਨੂੰ ਤਾਂ ਸਾਰੀਆਂ ਗੱਲਾਂ ਸੁਣਾਉਂਦਾ ਸੀ, ਕਾਲਜ ਦੀਆਂ ਆਪਣੀਆਂ ਸਹੇਲੀਆਂ ਦੀਆਂ।

ਪਿਤਾ : ਹਾਂ ਕਾਲਜ ਦੇ ਮੁੰਡੇ ਮਾਵਾਂ ਨਾਲ ਆਪਣੇ ਨਾਲ ਪੜ੍ਹ ਰਹੀਆਂ ਕੁੜੀਆਂ ਬਾਰੇ ਹਰ ਕਿਸਮ ਦੀ ਫੱੜ ਮਾਰ ਸਕਦੇ ਨੇ, ਕਾਲਜ ਵਿਚ ਕੋਈ ਕੁੜੀ ਭਾਵੇਂ ਉਹਨਾਂ ਵੱਲ ਤੱਕਦੀ ਨਾ ਹੋਵੇ, ਪਰ ਮਾਵਾਂ ਅਗੇ ਇੰਝ ਗੱਲਾਂ ਕਰਨਗੇ, ਜਿਵੇਂ ਦਰਜਨਾਂ ਉਹਦੇ 'ਤੇ ਮਰਦੀਆਂ ਹੋਣ।

ਮਾਤਾ : ਇਕ ਵਾਰੀ ਉਹਨੇਂ ਮੈਨੂੰ ਚਿੱਠੀ ਵੀ ਪੜ੍ਹਾਈ, ਜਿਹੜੀ ਉਹਦੀ ਸਹੇਲੀ ਨੇ ਲਿਖੀ, ਕਈ ਝੱਲੀਆਂ ਗੱਲਾਂ ਵਿਚ ਲਿਖੀਆਂ ਸਨ।

ਪਿਤਾ : ਝੱਲੀਆਂ ਗੱਲਾਂ ਦੇ ਸਿਵਾ ਕੁੜੀਆਂ ਕੁਝ ਲਿਖ ਵੀ ਕੀ ਸਕਦੀਆਂ ਨੇ?

ਮਾਤਾ : ਮੈਂ ਵੇਖਿਆ ਕਿ ਉਹਨੇ ਉਹ ਚਿੱਠੀ ਕਿੰਨੀ ਵਾਰ ਪੜ੍ਹੀ।

ਪਿਤਾ : ਹਰ ਝੱਲੀ ਗੱਲ ਪੜ੍ਹਣ ਦਾ ਆਪਣਾ ਹੀ ਸੁਆਦ ਹੁੰਦਾ ਹੈ। ਅਸੀਂ ਸਾਲਾਂ ਪ੍ਰਦੇਸਾਂ ਵਿਚ ਖੇਹ ਖਾਧੀ, ਪਰ ਤੇਰੇ ਵੱਲੋਂ ਆਈਆਂ ਚਿੱਠੀਆਂ ਵਿਚ ਕੋਈ ਝੱਲੀ ਗੱਲ ਪੜ੍ਹਣ ਲਈ ਅਸੀਂ ਹਮੇਸ਼ਾਂ ਹੀ ਤਰਸਦੇ ਰਹੇ।

ਮਾਤਾ : ਝੱਲੀ ਗੱਲ ਤਾਂ ਕੋਈ ਤਾਂ ਕਰਦਾ, ਜੇਕਰ ਅਗਲਾ ਕੋਈ ਕਦਰ ਕਰਦਾ ਹੋਵੇ, ਤੁਸੀਂ ਤਾਂ ਪਿਆਰ ਵੀ ਹਮੇਸ਼ਾਂ ਫੌਜੀ ਜ਼ਬਤ ਵਿਚ ਕੀਤਾ ਹੈ। (ਮੁਸਕਰਾਉਂਦੀ ਹੈ)

ਪਿਤਾ : ਬਸ ਇਸੇ ਤਰ੍ਹਾਂ ਹੀ ਮੁਸਕਰਾਉਂਦੀ ਰਹੀਂ, ਤੇਰੇ ਪੁੱਤਰ ਨੂੰ ਸਿਰਫ ਇਸ ਮੁਸਕਰਾਹਟ ਦੀ ਲੋੜ ਹੈ, ਸਮਾਂ ਹੋ ਗਿਆ ਏ ਸਾਨੂੰ ਹੁਣ ਚਲਣਾ ਚਾਹੀਣਾ ਏ।

*(ਮਾਤਾ ਫੁੱਟ ਪੈਂਦੀ ਹੈ।)*

ਮਾਤਾ : ਨਹੀਂ ਨਹੀਂ ਮੇਰੇ ਕੋਲੋਂ ਇਹ ਸਭ ਕੁਝ ਨਹੀਂ ਹੋਣਾ, ਮੈਂ ਇਕ ਮਾਂ ਹਾਂ ਇਕ ਮਾਂ ਹਾਂ।

*(ਕਰਨਲ ਉਸ ਨੂੰ ਆਪਣੀ ਬਗਲ ਵਿਚ ਲੈਂਦਾ ਹੈ, ਉਹਦੀਆਂ ਅੱਖਾਂ ਦੇ ਅਥਰੂ ਪੂੰਝਦਾ ਹੈ ਤੇ ਹੌਲੇ ਹੌਲੇ ਫੇਡ ਆਊਟ ਹੁੰਦਾ ਹੈ। ਰੋਸ਼ਨੀ ਹੋਣ 'ਤੇ ਜੇਲਰ ਦੇ ਕਮਰੇ ਦਾ ਦ੍ਰਿਸ਼–ਨੌਜਵਾਨ, ਮਾਤਾ ਪਿਤਾ ਦੇ ਪੈਰੀਂ ਹੱਥ ਲਾਉਂਦਾ ਦਿਸਦਾ ਹੈ।)*

ਪਿਤਾ : (ਨੌਜਵਾਨ ਨੂੰ ਮੋਢਿਆਂ ਤੋਂ ਫੜ ਕੇ ਉਤੇ ਚੁਕਦਾ ਹੋਇਆ) ਤੇਰੀ ਬਈ ਸਿਹਤ ਬਹੁਤ ਚੰਗੀ ਲਗਦੀ ਏ, ਲੱਗਦਾ ਏ ਕਿ ਇਥੋਂ ਦੇ ਲੋਕਾਂ ਨੂੰ ਮਹਿਮਾਨਾਂ ਦੀ ਖਾਤਿਰ ਕਰਨੀ ਆਉਂਦੀ ਹੈ।

ਨੌਜਵਾਨ : ਹਾਂ, ਪਿਤਾ ਜੀ ਅਕਸਰ ਅਛੀ ਹੀ ਖਾਤਰ ਕਰਦੇ ਨੇ, ਤੁਸਾਂ ਦੀ ਸਿਹਤ ਤਾਂ ਠੀਕ ਹੀ ਰਹਿੰਦੀ ਏ ?

ਪਿਤਾ : ਬਹੁਤ ਵਧੀਆ, ਖੂਬ ਕੰਮ ਕਰੀਦਾ ਏ।

ਨੌਜਵਾਨ : ਤੁਹਾਡੀ ਬਗੀਚੀ ਦਾ ਕੀ ਹਾਲ ਏ ?

ਮਾਤਾ : ਉਹ ਬਗੀਚੀ ਤੇਰੀ ਵੀ ਤਾਂ ਹੈ।

ਪਿਤਾ : ਜਿਹੜੇ ਆੜੂਆਂ ਦੇ ਬੂਟੇ ਤੂੰ ਲਾਏ ਸਨ, ਉਹਨਾਂ ਨੂੰ ਐਤਕੀ ਬੜਾ ਫੱਲ ਲਗਿਆ ਸੀ, ਤੈਨੂੰ ਵੀ ਭੇਜੇ ਸਨ।

ਨੌਜਵਾਨ : ਹਾਂ ਪਿਤਾ ਜੀ, ਮੈਨੂੰ ਮਿਲ ਗਏ ਸਨ।

ਦੋਨੋਂ : (ਹੈਰਾਨੀ ਨਾਲ) ਮਿਲ ਗਏ ਸਨ ?

ਮਾਤਾ : ਪਰ ਤੇਰਾ ਦੋਸਤ ਤਾਂ ਕਹਿੰਦਾ ਸੀ ਕਿ ਉਹ ਪੁੱਚਾ ਨਹੀਂ ਸਕਿਆ।

ਨੌਜਵਾਨ : (ਜਿਸ ਤਰ੍ਹਾਂ, ਕੋਈ ਝੂਠ ਛੁਪਾ ਰਿਹਾ ਹੋਵੇ) ਨਹੀਂ ਮਾਤਾ ਜੀ, ਉਹ ਮੈਨੂੰ ਮਿਲ ਗਏ ਸਨ, ਮੈਂ ਤੇ ਮੇਰੇ ਸਾਥੀਆਂ ਨੇ ਬੜੇ ਸੁਆਦ ਨਾਲ ਖਾਧੇ ਸਨ।

ਪਿਤਾ : (ਉਸ ਝੂਠ ਵਿਚ ਸ਼ਾਮਿਲ ਹੁੰਦਾ ਹੋਇਆ) ਆਹੋ ਤੇਰਾ ਦੋਸਤ ਮੈਨੂੰ ਬਾਅਦ ਵਿਚ ਮਿਲਿਆ ਸੀ ਤੇ ਉਹਨੇ ਦੱਸਿਆ ਸੀ।

ਮਾਤਾ : ਉਹਨੇ ਤੁਹਾਨੂੰ ਦੱਸਿਆ ਸੀ ਪਰ ਤੁਸੀਂ ਤਾਂ ਮੇਰੇ ਨਾਲ ਗੱਲ ਨਹੀਂ ਕੀਤੀ ਸੀ।

ਪਿਤਾ : ਕੀਤੀ ਕਿਉਂ ਨਹੀਂ ਸੀ ? ਤੈਨੂੰ ਯਾਦ ਭੁੱਲ ਗਿਆ ਹੋਣਾ ਏ।

ਮਾਤਾ : ਮੈਂ ਇਹੋ ਜਿਹੀ ਗੱਲ ਕਿੰਝ ਭੁੱਲ ਸਕਦੀ ਹਾਂ।

ਪਿਤਾ : ਫਿਰ ਮੈਂ ਹੀ ਦੱਸਣਾ ਭੁੱਲ ਗਿਆ ਹੋਣਾ ਹਾਂ।

ਮਾਤਾ : ਕੰਮ ਦੀ ਗੱਲ ਦੱਸਣੀ ਤੁਸੀਂ ਹਮੇਸ਼ਾਂ ਭੁੱਲ ਜਾਂਦੇ ਹੋ।

ਨੌਜਵਾਨ : ਇਹ ਪਿਤਾ ਜੀ ਦੀ ਪੁਰਾਣੀ ਆਦਤ ਏ।

ਪਿਤਾ : ਅੱਜ ਮੈਂ ਤੇ ਤੇਰੀ ਮਾਂ ਤੇਰੀਆਂ ਕਿਨ੍ਹੀਆਂ ਗੱਲਾਂ ਕਰਦੇ ਰਹੇ, ਤੇਰੀ ਮਾਂ ਨੇ ਤੇਰੀ ਸਹੇਲੀ ਬਾਰੇ ਵੀ ਦੱਸਿਆ ਏ, ਜਿਨ੍ਹੇ ਤੇਰੇ ਵੱਲ ਕੋਈ ਝੱਲੀ ਗੱਲ ਲਿਖੀ ਸੀ।

ਨੌਜਵਾਨ : ਮਾਤਾ ਜੀ ਮੈਂ ਤੁਹਾਨੂੰ ਮਨ੍ਹਾ ਕੀਤਾ ਸੀ ਕਿ ਪਿਤਾ ਜੀ ਨੂੰ ਨਾ ਦੱਸਣਾਂ।

ਪਿਤਾ : ਤੇਰਾ ਕੀ ਖਿਆਲ ਏ ਕਿ ਇਹੋ ਜਿਹੀਆਂ ਚਿੱਠੀਆਂ ਸਿਰਫ ਤੈਨੂੰ ਹੀ ਆਉਂਦੀਆਂ ਰਹੀਆਂ ਨੇ, ਅਸੀਂ ਵੀ ਬਈ ਜਵਾਨੀ ਵੇਲੇ ਬੜੇ ਮਾਰਕੇ ਮਾਰੇ ਨੇ।

ਨੌਜਵਾਨ : ਪਿਤਾ ਜੀ, ਫੌਜ ਦੇ ਮਾਰਕਿਆਂ ਦੇ ਤਮਗੇ ਤਾਂ ਸਾਰੇ ਤੁਹਾਡੇ ਕੋਲ ਹਨ, ਪਰ ਉਹਨਾਂ ਮਾਰਕਿਆਂ ਦਾ ਕੋਈ ਤਮਗਾ ?

ਪਿਤਾ : ਇਕ ਤਗ਼ਮਾ ਤੇਰੇ ਸਾਹਮਣੇ ਖਲੋਤਾ ਹੈ।

*(ਸਾਰੇ ਮੁਸਕਰਾਉਂਦੇ ਹਨ।)*

ਮਾਤਾ : ਬੁੱਢੇ ਹੋ ਗਏ ਹੋ, ਪਰ ਗੱਲਾਂ ਤੁਹਾਡੀਆਂ ਉਹੋ ਹੀ ਰਹੀਆਂ।

ਪਿਤਾ : ਅੱਛਾ ਤੁਸੀਂ ਮਾਂ ਪੁੱਤਰ ਗੱਲਾਂ ਕਰੋ, ਮੈਂ ਜੇਲਰ ਸਾਹਿਬ ਦਾ ਧੰਨਵਾਦ ਕਰ ਆਵਾਂ, ਉਹਨਾਂ ਨੇ ਇਹ ਮੁਲਾਕਾਤ ਕਰਵਾਉਣ ਵਿਚ ਸਾਡੀ ਬੜੀ ਮਦਦ ਕੀਤੀ ਏ।

*(ਪਿਤਾ ਜੀ ਜਾਂਦੇ ਹਨ ਕੁਝ ਚਿਰ ਚੁੱਪ ਰਹਿੰਦੀ ਹੈ।)*

ਨੌਜਵਾਨ : ਮਾਤਾ ਜੀ, ਕੀ ਤੁਸੀਂ ਮੈਨੂੰ ਮੁਆਫ ਨਹੀਂ ਕਰ ਸਕੋਗੇ ?

ਮਾਤਾ : ਪਰ ਪੁੱਤਰਾ ਤੂੰ ਇਹ ਕਿਉਂ ਨਾ ਸੋਚਿਆ ਕਿ ਤੇਰੇ ਬਿਨਾਂ ਸਾਡੇ ਬੁੱਢਿਆ ਦਾ ਕਿਹੜਾ ਸਹਾਰਾ ਸੀ ?

ਨੌਜਵਾਨ : ਸੋਚਿਆ ਸੀ ਮਾਤਾ ਜੀ।

ਮਾਤਾ : ਫੇਰ ?

ਨੌਜਵਾਨ : ਪਰ ਮਾਤਾ ਜੀ, ਤੁਹਾਥੋਂ ਸਿਵਾ ਸਾਡੇ ਨੌਜਵਾਨਾਂ ਕੋਲੋਂ ਕੋਈ ਹੋਰ ਵੀ ਸਹਾਰਾ ਮੰਗਦੀ ਏ – ਜਿਹੜੀ ਸਾਡੇ ਸਾਰਿਆਂ ਦੀ ਮਾਂ ਏ, ਜਿਸਦੇ ਦੁਆਲੇ ਕੋਹੜਾ ਸਮਾਜ ਚੰਮੜਿਆ ਹੋਇਆ ਏ।

ਮਾਤਾ : ਕੋਹੜਾ ਸਮਾਜ ?

ਨੌਜਵਾਨ : ਮਾਤਾ ਜੀ, ਇਹ ਅੱਜ ਦਾ ਸਮਾਜ ਅਣਖ ਵਾਲੇ ਲੋਕਾਂ ਲਈ ਜੀਣ ਦਾ ਸਮਾਜ ਨਹੀਂ। ਜਿਥੇ ਚੋਰ ਉਚੱਕੇ ਰਿਸ਼ਵਤਾਂ ਰਾਹੀਂ ਕਾਲੇ ਬਜ਼ਾਰ ਰਾਹੀਂ ਅਯਾਸ਼ੀਆਂ ਕਰ ਰਹੇ ਨੇ, ਇਮਾਨਦਾਰ ਲੋਕ ਭੁੱਖੇ ਮਰ ਰਹੇ ਨੇ, ਜ਼ਿੰਦਗੀ ਦੀ ਹਰ ਸੋਹਣੀ ਕਦਰ ਪੈਸੇ ਨਾਲ ਨੀਲਾਮ ਹੋ ਰਹੀ ਏ।

ਮਾਤਾ : ਤੇਰੇ ਪਿਤਾ ਜੀ ਦੱਸਦੇ ਰਹਿੰਦੇ ਨੇ ਕਿ ਦੇਸ਼ ਨੂੰ ਸਾਰੇ ਨੂੰ ਭ੍ਰਿਸ਼ਟਾਚਾਰ ਕਿਸ ਤਰ੍ਹਾਂ ਸਿਉਂਕ ਵਾਕੁਣ ਖਾਈ ਜਾ ਰਿਹਾ ਏ।

ਨੌਜਵਾਨ : ਹਾਂ ਮਾਤਾ ਜੀ ਫੇਰ ਭ੍ਰਿਸ਼ਟਾਚਾਰੀ ਲੋਕ ਪਹਿਲੇ ਕਾਲੇ ਪੈਸੇ ਨਾਲ ਕਾਨੂੰਨ ਖਰੀਦਦੇ ਨੇ। ਪੈਸੇ ਬਦੋਲਤ ਇਹ ਹਕੂਮਤਾਂ ਸਾਂਭਦੇ ਨੇ ਤੇ ਆਪ ਕਾਨੂੰਨ ਦੇ ਰਖਵਾਲੇ ਬਣ ਜਾਂਦੇ ਨੇ। ਤੁਸੀਂ ਦੱਸੋ ਮਾਤਾ ਜੀ ਇਸ ਸਮਾਜ ਵਿਚ ਕੋਈ ਜੀਵੇ ਤਾਂ ਕੀ ਜੀਵੇ – ਇਸੇ ਲਈ ਸਾਨੂੰ ਵਿਦਰੋਹ ਦਾ ਝੰਡਾ ਚੁੱਕਣਾ ਪਿਆ ਏ।

ਮਾਤਾ : ਪੁਤਰਾ ਤੂੰ ਜੋ ਮਰਜ਼ੀ ਕਰਦਾ, ਪਰ ਕਮਅਜ਼ਕਮ ਇਹ ਬੰਬ ਦੀ ਖੇਡ ਤਾਂ ਨਾ ਖੇਡਦਾ।

ਨੌਜਵਾਨ : ਇਹ ਡਿਗਿਆ ਹੋਇਆ ਬੰਬ ਤਾਂ ਮਾਤਾ ਜੀ ਸਾਡੇ ਵੱਲੋਂ ਇਕ ਚੁਣੌਤੀ ਏ ਉਹਨਾਂ ਲੋਕਾਂ ਨੂੰ ਜੋ ਹਕੂਮਤਾਂ ਸਾਂਭ ਕੇ ਬੈਠੇ ਹੋਏ ਨੇ। ਇਹ ਸਾਡੇ ਵੱਲੋਂ ਇਕ ਐਲਾਨ ਹੈ ਕਿ ਇਹ ਸਭ ਕੁਝ ਸਾਡੀ ਬਰਦਾਸ਼ਤ ਤੋਂ ਹੁਣ ਬਾਹਰ ਏ। ਇਹ ਹੁਣ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਕਿ ਲੋਕਾਈ ਸੜਕਾਂ ’ਤੇ ਰੁਲੇ ਤੇ ਕੁਝ ਲੋਕ ਹਵਾ ਅਨਕੂਲ ਕਮਰਿਆਂ ਵਿਚ ਅਯਾਸ਼ੀ ਕਰਨ – ਇਹ ਡਿਗਿਆ ਹੋਇਆ ਬੰਬ ਇਕ ਚੁਣੌਤੀ ਹੈ ਕਿ ਨਾ ਅਸੀਂ ਆਪ ਸੌਂਵਾਂਗੇ ਤੇ ਨਾ ਹੀ ਸੌਣ ਦੇਵਾਂਗੇ।

*(ਥੋੜ੍ਹਾ ਵਕਫਾ – ਮਾਂ ਡੁੱਸਕਦੀ ਹੈ)*

ਤੁਸੀਂ ਰੋ ਰਹੇ ਹੋ ਮਾਤਾ ਜੀ ?

ਮਾਤਾ : ਨਹੀਂ ਪੁੱਤਰ।

ਨੌਜਵਾਨ : ਇਹ ਗੱਲਾਂ ਮੈਨੂੰ ਸ਼ਾਇਦ ਤੁਹਾਡੇ ਨਾਲ ਨਹੀਂ ਕਰਨੀਆਂ ਚਾਹੀਦੀਆਂ, ਪਰ ਇਹ ਗੱਲਾਂ ਤਾਂ ਹੀ ਕੀਤੀਆਂ ਹਨ ਕਿ ਤੁਸੀਂ ਜਾਣ ਸਕੋ ਕਿ ਤੁਹਾਡੇ ਪੁੱਤਰ ਨੂੰ ਮੌਤ ਕਿਉਂ ਵਿਹਾਉਣੀ ਪਈ ਏ... ਤੁਹਾਨੂੰ ਯਾਦ ਏ ਮਾਤਾ ਜੀ ਤੁਸੀਂ ਮੇਰੇ ਨਾਲ ਇਕ ਵਾਅਦਾ ਕੀਤਾ ਸੀ ?

ਮਾਤਾ : ਕੀ ?

ਨੌਜਵਾਨ : ਮੈਂ ਆਪਣੇ ਜੀਵਨ ਸਾਥੀ ਲਈ ਜਿਹੜੀ ਵੀ ਚੋਣ ਕਰਾਂਗਾ, ਉਹ ਤੁਹਾਨੂੰ ਸਵੀਕਾਰ ਹੋਵੇਗੀ।

ਮਾਤਾ : ਹਾਂ ਪੁੱਤਰ ਯਾਦ ਹੈ।

ਨੌਜਵਾਨ : ਤਦ ਤਿਆਰੀ ਕਰੋ, ਕੁਝ ਘੰਟਿਆਂ ਦੇ ਬਾਅਦ ਤੁਹਾਡਾ ਪੁੱਤਰ ਆਪਣੀ ਵਿਆਹੁਤਾ ਨੂੰ ਲੈ ਕੇ ਤੁਹਾਡੇ ਦਰ ’ਤੇ ਆਏਗਾ, ਤੇਲ ਚੋ ਕੇ ਉਹਦਾ ਸੁਆਗਤ ਕਰਨਾ।

ਮਾਤਾ : ਇਹ ਕਿਹੋ ਜਿਹਾ ਵਿਆਹ ਹੋਏਗਾ ?

ਨੌਜਵਾਨ : ਮਾਤਾ ਜੀ, ਕੁਝ ਚਿਰ ਹੁਣ ਨੌਜਵਾਨਾਂ ਨੂੰ ਇਹ ਵਿਆਹ ਰਚਾਉਣੇ ਹੀ ਪੈਣਗੇ, ਤਾਹੀਂ ਇਸ ਦੇਸ਼ ਦੇ ਬਾਗ਼ ਵਿਚ ਬਹਾਰ ਆ ਸਕੇਗੀ।

*(ਪਿਤਾ ਆਉਂਦਾ ਹੈ।)*

ਪਿਤਾ : ਇਸ ਬਹਾਰ ਦੀ ਇਹ ਬੁੱਢੇ ਦਿਲ ਉਡੀਕ ਕਰਨਗੇ ਮੇਰੇ ਪੁੱਤਰ।

ਨੌਜਵਾਨ : ਤੁਸੀਂ ਪਿਤਾ ਜੀ ?

ਪਿਤਾ : ਮੈਂ ਸਭ ਕੁਝ ਸੁਣ ਲਿਆ ਏ ਪੁੱਤਰ।

ਨੌਜਵਾਨ : ਤੁਹਾਨੂੰ ਮੇਰੇ ਨਾਲ ਕੋਈ ਸ਼ਕਾਇਤ ਨਹੀਂ ਪਿਤਾ ਜੀ ?

ਪਿਤਾ : ਸ਼ਕਾਇਤ.. ? ਮੈਂ ਤਾਂ ਸਗੋਂ ਬਹੁਤ ਖੁਸ਼ ਹਾਂ... ਤੂੰ ਮੇਰੇ ਤਮਗੇ ਵੇਖੇ ਨੇ ਨਾ... ਕਿੰਨੀਆਂ ਹੀ ਲੜਾਈਆਂ ਮੈਂ ਜਿੱਤੀਆਂ... ਕਿੰਨੇ ਹੀ ਬੰਬ ਆਪਣੇ ਹੱਥਾਂ ਨਾਲ ਸੁੱਟੇ, ਦੁਸ਼ਮਣ ਦੇ ਸਿਪਾਹੀ ੀ ਮਾਰੇ ਤੇ ਕਈ ਵਾਰ ਦੁਸ਼ਮਣ ਕੌਮ ਦੇ ਬੱਚੇ ਤੇ ਤੀਵੀਆਂ ਵੀ... ਹਮੇਸ਼ਾਂ ਮੈਨੂੰ ਇੱਜ਼ਤ ਮਿਲੀ ਕਿ ਮੇਰੇ ਬੰਬ ਕਦੀ ਨਿਸ਼ਾਨੇ ਤੋਂ ਨਹੀਂ ਉਕੇ।

ਨੌਜਵਾਨ : ਹਾਂ ਪਿਤਾ ਜੀ, ਜਦੋਂ ਤੁਹਾਨੂੰ ਕਰਾਸ ਮਿਲਿਆ ਸੀ ਤਾਂ ਇਸਦਾ ਖਾਸ ਜ਼ਿਕਰ ਸੀ।

ਪਿਤਾ : ਕਿੰਨੇ ਹੀ ਬੰਬ ਸੁੱਟੇ ਤੇ ਇਹ ਕਿਹਾ ਗਿਆ ਕਿ ਉਹ ਨਿਸ਼ਾਨੇ ਤੋਂ ਕਦੇ ਨਹੀਂ ਉਕੇ, ਪਰ ਅੱਜ ਮੈਂ ਸੋਚਦਾ ਕਿ ਕੀ ਵਾਕਈ ਉਹ ਨਿਸ਼ਾਨੇ 'ਤੇ ਵੱਜੇ ? ਅਣਗਿਣਤ ਬੰਬ – ਪਰ ਤੂੰ ? ਤੂੰ ਇਕ ਹੀ ਬੰਬ ਸੁੱਟਿਆ ਏ ਪਰ ਉਹ ਠੀਕ ਨਿਸ਼ਾਨੇ 'ਤੇ ਵੱਜਿਆ ਏ – ਮੈਨੂੰ ਤੇਰੇ 'ਤੇ ਮਾਣ ਏ ਪੁੱਤਰ ਮੈਂ ਤੇਰੇ 'ਤੇ ਮਾਣ ਏ।

ਨੌਜਵਾਨ : ਪਿਤਾ ਜੀ ਤੁਸੀਂ... ... ..।

ਪਿਤਾ : ਤੇਰਾ ਤੇ ਤੇਰੀ ਵਿਆਹੁਤਾ ਦੀ ਅਸੀਂ ਉਡੀਕ ਕਰਾਂਗੇ।

*(ਜੇਲਰ ਇਕ ਪਾਸੇ ਤੋਂ ਨਜ਼ਰ ਆਉਂਦਾ ਹੈ।)*

ਨੌਜਵਾਨ : ਪਿਤਾ ਜੀ ਸਮਾਂ ਹੋ ਗਿਆ ਹੈ।

ਪਿਤਾ : ਹਾਂ ਪੁੱਤਰ ਸਮਾਂ ਹੋ ਗਿਆ ਹੈ ਤੇਰੇ ਜਾਣ ਦਾ।

*(ਪਿਤਾ ਤੇ ਪੁੱਤਰ ਵਖਰੇ ਹੁੰਦੇ ਹਨ – ਪੁੱਤਰ ਮਾਂ ਦੇ ਪੈਰੀਂ ਹੱਥ ਲਾਉਂਦਾ ਹੈ – ਫੇਰ ਉਹਨਾਂ ਵੱਲ ਵੇਖਦਾ ਇਕ ਪਾਸੇ ਵੱਲ ਜਾਂਦਾ ਹੈ – ਫੇਰ ਅੱਗੇ ਆਉਂਦਾ ਹੈ – ਫੇਰ ਹੌਲੇ ਹੌਲੇ ਵਾਪਸ ਜਾਂਦਾ ਹੈ।)*